ਜਲੰਧਰ ਅਜੀਤ
ਅਜੀਤ, ਜਲੰਧਰ
ਬੁੱਧਵਾਰ, 29 ਅਕਤੂਬਰ 2025
8



ਜਾਣਕਾਰੀ ਦਿੰਦੇ ਹੋਏ ਗੁਰਮੀਤ ਸਿੰਘ ਬਿੱਟੂ, ਪ੍ਰਮਿੰਦਰ ਸਿੰਘ (ਦਸਮੇਸ਼ ਨਗਰ), ਦਵਿੰਦਰ ਸਿੰਘ ਰਿਆਤ, ਗੁਰਿੰਦਰ ਸਿੰਘ ਮਝੈਲ, ਕੁਲਜੀਤ ਸਿੰਘ ਚਾਵਲਾ, ਦਵਿੰਦਰ ਸਿੰਘ (ਸੈਂਟਰਲ ਟਾਊਨ), ਚਰਨਜੀਤ ਸਿੰਘ ਮਿੰਟਾ, ਗੁਰਜੀਤ ਸਿੰਘ ਟੱਕਰ, ਜਸਕੀਰਤ ਸਿੰਘ ਜੱਸੀ ਅਤੇ ਹੋਰ। ਤਸਵੀਰ : ਮੁਨੀਸ਼

# 1 ਨਵੰਬਰ ਦੇ ਨਗਰ ਕੀਰਤਨ 'ਚ ਪਾਲਕੀ ਸਾਹਿਬ ਦੇ ਪਿੱਛੇ ਵੱਖ-ਵੱਖ ਕੀਰਤਨੀ ਜੱਥੇ ਭਰਨਗੇ ਹਾਜ਼ਰੀ

*** ਪ੍ਰਬੰਧਕਾਂ ਵਲੋਂ ਅਪੀਲ-ਵੱਧ ਤੋਂ ਵੱਧ ਸੰਗਤ ਹਾਜ਼ਰੀ ਭਰ ਕੇ ਵਧਾਓ ਨਗਰ ਕੀਰਤਨ ਦੀ ਸ਼ੋਭਾ**

*** ਦਲ ਪੰਥ, ਗਤਕਾ ਅਖਾੜੇ ਅਤੇ ਨਰ ਸਿੰਘੇ ਦੀ ਗੂੰਜ 'ਚ ਆਰੰਭ ਹੋਵੇਗਾ 97ਵਾਂ ਮਹਾਨ ਨਗਰ ਕੀਰਤਨ**

ਜਲੰਧਰ, 28 ਅਕਤੂਬਰ (ਐੱਮ. ਐੱਸ. ਲੋਹੀਆ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਜਲੰਧਰ ਸ਼ਹਿਰ ਦਾ ਮੁੱਖ ਨਗਰ ਕੀਰਤਨ 1 ਨਵੰਬਰ ਦਿਨ ਸਨਿਚਰਵਾਰ ਨੂੰ ਸਵੇਰੇ 10 ਵਜੇ ਦਲ ਪੰਥ, ਗਤਕਾ ਅਖਾੜੇ ਅਤੇ ਨਰ ਸਿੰਘੇ ਦੀ ਗੂੰਜ 'ਚ ਗੁਰਦੁਆਰਾ ਸਿੰਘ ਸਭਾ ਮੁਹੱਲਾ ਗੋਬਿੰਦਗੜ੍ਹ ਤੋਂ ਆਰੰਭ ਹੋਵੇਗਾ। ਇਸ ਸੰਬੰਧੀ ਸਿੰਘ ਸਭਾਵਾਂ, ਪ੍ਰਬੰਧਕ ਕਮੇਟੀ ਅਤੇ ਨੌਜਵਾਨ ਸਭਾ ਗੁਰਦੁਆਰਾ ਦੀਵਾਨ ਅਸਥਾਨ ਸੈਂਟਰਲ ਟਾਊਨ, ਜਲੰਧਰ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਇਸ 97ਵੇਂ ਪੁਰਾਤਨ ਨਗਰ ਕੀਰਤਨ 'ਚ ਪਾਲਕੀ ਸਾਹਿਬ ਦੇ ਪਿੱਛੇ ਵੱਖ-ਵੱਖ ਕੀਰਤਨੀ ਜੱਥੇ ਹਾਜ਼ਰੀ ਭਰਨਗੇ, ਜਿਨ੍ਹਾਂ 'ਚ ਭਾਈ ਜਸਪਾਲ ਸਿੰਘ (ਭਾਈ ਮਨੀ ਸਿੰਘ ਜੀ ਸੇਵਾ ਸੋਸਾਇਟੀ), ਭਾਈ ਪ੍ਰਿੰਸਪਾਲ ਸਿੰਘ (ਪੰਜਾਬ ਪੁਲਿਸ) ਅਤੇ ਭਾਈ ਗੁਰਸੰਜਮ ਸਿੰਘ (ਅਖੰਡ ਕੀਰਤਨੀ) ਜੱਥੇ ਸੰਗਤੀ ਰੂਪ 'ਚ ਗੁਰਬਾਣੀ ਕੀਰਤਨ ਨਾਲ ਜੋੜਨਗੇ। ਨਗਰ ਕੀਰਤਨ ਦੇ ਸਾਰੇ ਰੂਟ ਤੇ ਪਾਲਕੀ ਸਾਹਿਬ ਦੇ ਅੱਗੇ ਨਰ ਸਿੰਘਾਂ ਵਜਾਉਣ ਦੀ ਸੇਵਾ ਭਾਈ ਜਸਮੀਤ ਸਿੰਘ (ਸ੍ਰੀ ਅੰਮ੍ਰਿਤਸਰ ਸਾਹਿਬ) ਉਚੇਚੇ ਤੌਰ 'ਤੇ ਨਿਭਾਉਣਗੇ। ਇਸ ਮੌਕੇ ਮੋਹਿੰਦਰਜੀਤ ਸਿੰਘ (ਮਾਡਲ ਟਾਊਨ), ਗੁਰਬਖ਼ਸ਼ ਸਿੰਘ ਜੁਨੇਜਾ (ਗੁਰੂ ਨਾਨਕ ਮਿਸ਼ਨ), ਪ੍ਰਮਿੰਦਰ ਸਿੰਘ (ਦਸਮੇਸ਼ ਨਗਰ), ਇਕਬਾਲ ਸਿੰਘ ਢੀਂਡਸਾ (ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਪ੍ਰਬੰਧਕ ਕਮੇਟੀ ਗੁਰਦੁਆਰਾ ਦੀਵਾਨ ਅਸਥਾਨ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਬਿੱਟੂ, ਜਸਬੀਰ ਸਿੰਘ ਰੰਧਾਵਾ (ਡਿਫੈਂਸ ਕਲੋਨੀ), ਦਵਿੰਦਰ ਸਿੰਘ ਰਿਆਤ, ਗੁਰਿੰਦਰ ਸਿੰਘ ਮਝੈਲ, ਕੁਲਜੀਤ ਸਿੰਘ ਚਾਵਲਾ, ਹਰਜੋਤ ਸਿੰਘ ਲੱਕੀ, ਦਵਿੰਦਰ ਸਿੰਘ (ਸੈਂਟਰਲ ਟਾਊਨ), ਚਰਨਜੀਤ ਸਿੰਘ ਮਿੰਟਾ, ਹਰਜੀਤ ਸਿੰਘ, ਬਲਜੀਤ ਸਿੰਘ (ਮਿਸਲ ਸ. ਜੱਸਾ ਸਿੰਘ ਰਾਮਗੜ੍ਹੀਆ), ਪਰਮਜੀਤ ਸਿੰਘ ਬਬਲਾ, ਗੁਰਜੀਤ ਸਿੰਘ ਟੱਕਰ, ਸੁਖਵਿੰਦਰ ਸਿੰਘ, ਨਵਦੀਪ ਸਿੰਘ ਗੁਲਾਟੀ, ਹਰਬਿੰਦਰ ਸਿੰਘ, ਬਾਵਾ ਗਾਬਾ, ਪਲਵਿੰਦਰ ਸਿੰਘ ਭਾਟੀਆ, ਗੱਗੀ ਰੇਣੂ, ਪਰਮਿੰਦਰ ਸਿੰਘ ਸੋਨੂੰ, ਗੁਰਨੀਤ ਸਿੰਘ, ਹਰਮਨ ਸਿੰਘ ਮੱਕੜ, ਅਨਮੋਲ ਸਿੰਘ, ਭਵਰਾਜ ਸਿੰਘ, ਭਾਵਜੋਤ ਸਿੰਘ, ਜਸਦੀਪ ਸਿੰਘ, ਪ੍ਰਭਗੁਣ ਸਿੰਘ, ਹਰਪ੍ਰੀਤ ਸਿੰਘ, ਦਿਮੰਤਜੀਤ ਸਿੰਘ, ਅਜਮੇਰ ਸਿੰਘ, ਗਗਨ ਸਿੰਘ, ਅਰਸ਼ਦੀਪ ਸਿੰਘ, ਦਿਸ਼ਪ੍ਰੀਤ ਸਿੰਘ, ਪ੍ਰਭਜੋਤ ਸਿੰਘ, ਸਹਿਜ ਪ੍ਰੀਤ ਸਿੰਘ, ਮਨਕੀਰਤ ਸਿੰਘ, ਪੰਥਪ੍ਰੀਤ ਸਿੰਘ, ਹਰਮਨਜੋਤ ਸਿੰਘ, ਜਸਕੀਰਤ ਸਿੰਘ ਜੱਸੀ ਅਤੇ ਹੋਰ ਹਾਜ਼ਰ ਸਨ।



ਰਾਮਾ ਮੰਡੀ ਵਿਚ ਜਾਇਦਾਦਾਂ ਸੀਲ ਕਰਨ ਮੌਕੇ ਭੁਪਿੰਦਰ ਸਿੰਘ, ਮਹੀਪ ਸਰੀਨ ਤੇ ਹੋਰ। ਤਸਵੀਰ: ਜੀ.ਪੀ. ਸਿੰਘ

# ਨਿਗਮ ਵਲੋਂ ਰਾਮਾ ਮੰਡੀ ਵਿਚ ਦੋ ਦੁਕਾਨਾਂ ਸੀਲ

ਜਲੰਧਰ, 28 ਅਕਤੂਬਰ (ਸ਼ਿਵ)-ਨਗਰ ਨਿਗਮ ਦੇ ਪ੍ਰਾਪਰਟੀ ਟੈਕਸ ਵਿਭਾਗ ਵਲੋਂ ਡਿਫਾਲਟਰਾਂ ਦੀਆਂ ਜਾਇਦਾਦਾਂ ਨੂੰ ਸੀਲ ਕਰਨ ਦਾ ਕੰਮ ਜਾਰੀ ਰੱਖਦੇ ਹੋਏ ਅੱਜ ਰਾਮਾ ਮੰਡੀ ਖੇਤਰ ਵਿਚ ਦੋ ਦੁਕਾਨਾਂ ਸੀਲ ਕੀਤੀਆਂ ਗਈਆਂ। ਚੰਡੀਗੜ੍ਹ ਸਥਿਤ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਡਿਫਾਲਟਰਾਂ ਦੀਆਂ ਲਿਸਟਾਂ ਨਗਰ ਨਿਗਮ ਨੂੰ ਭੇਜੀਆਂ ਜਾਣ ਲੱਗ ਪਈਆਂ ਹਨ ਅਤੇ ਸੰਯੁਕਤ ਕਮਿਸ਼ਨਰ ਸੁਮਨਦੀਪ ਕੌਰ ਅਤੇ ਸਹਾਇਕ ਕਮਿਸ਼ਨਰ ਵਿਕਰਾਂਤ ਵਰਮਾ ਅਨੁਸਾਰ ਇਸ ਸੀਲਿੰਗ ਦੀ ਕਾਰਵਾਈ ਲਗਾਤਾਰ ਜਾਰੀ ਰਹੇਗੀ। ਨਿਗਮ ਕਮਿਸ਼ਨਰ ਸੰਦੀਪ ਰਿਸ਼ੀ ਨੇ ਦੱਸਿਆ ਕਿ 30ਅਕਤੂਬਰ ਤੱਕ ਡਿਫਾਲਟਰਾਂ ਪ੍ਰਾਪਰਟੀਆਂ ਦਾ ਟੈਕਸ ਜਮਾਂ ਕਰਵਾਉਣ ਉੱਪਰ ਓ. ਟੀ. ਐੱਸ. ਸਕੀਮ ਅਧੀਨ 50 ਫੀਸਦੀ ਦੀ ਵਿਆਜ ਅਤੇ ਜੁਰਮਾਨੇ ਤੋਂ ਛੋਟ ਚੱਲ ਰਹੀ ਹੈ। ਲੋਕਾਂ ਨੂੰ ਆਪਣਾ ਬਕਾਇਦਾ ਟੈਕਸ ਜਮਾਂ ਕਰਵਾਉਣਾ ਚਾਹੀਦਾ ਹੈ।

# ਸੋਮਰਸੈਟ ਇੰਟਰਨੈਸ਼ਨਲ ਸਕੂਲ 'ਚ ਸਾਲਾਨਾ ਖੇਡ ਦਿਵਸ ਮਨਾਇਆ

ਜਲੰਧਰ, 28 ਅਗਸਤ (ਪਵਨ ਖਰਬੰਦਾ)-ਸੋਮਰਸੈਟ ਇੰਟਰਨੈਸ਼ਨਲ ਸਕੂਲ ਵਿਖੇ ਸਾਲਾਨਾ ਖੇਡ ਦਿਵਸ ਬੜੀ ਧੂਮ-ਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਇੰਸਪੈਕਟਰ ਮੀਰਾ.ਕੇ. ਪਵਾਰ ਇੰਚਾਰਜ ਟ੍ਰੈਫਿਕ ਸਿੱਖਿਆ ਸੈੱਲ ਜਲੰਧਰ ਵਜੋਂ ਤਾਇਨਾਤ ਹੈ ਅਤੇ ਸ੍ਰੀਮਤੀ ਪਰਮਿੰਦਰ ਕੌਰ ਕੋ ਚੇਅਰਪਰਸਨ ਚੰਨੀ ਸੀ.ਟੀ ਗਰੁੱਪ ਆਫ ਇੰਸਟੀਚਿਊਟ ਉਨ੍ਹਾਂ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਸਾਲਾਨਾ ਖੇਡ ਦਿਵਸ ਵਿੱਚ ਪ੍ਰੀ ਵਿੰਗ ਤੋਂ ਲੈ ਕੇ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਬੜੇ ਜੋਸ਼ ਅਤੇ ਉਤਸ਼ਾਹ ਨਾਲ ਭਾਗ ਲਿਆ। ਇਸ ਦੌਰਾਨ ਸਕੂਲ ਦੇ ਚੇਅਰਮੈਨ ਮਹਿੰਦਰ ਸਿੰਘ, ਚੇਅਰਪਰਸਨ ਜਗਦੀਪ ਕੌਰ, ਮੈਨੇਜਿੰਗ ਡਾਇਰੈਕਟਰ ਜੈਦੀਪ ਸਿੰਘ, ਵਾਈਸ ਪ੍ਰਿੰਸੀਪਲ ਨਿਸ਼ਾ ਟੱਕਰ, ਵਾਈਸ ਪ੍ਰਿੰਸੀਪਲ ਵਰਿੰਦਰ ਭਾਰਦਵਾਜ ਨੇ ਸ਼ਮ੍ਹਾਂ ਰੌਸ਼ਨ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ । ਕਾਰਜਕ੍ਰਮ ਦੀ ਸ਼ੁਰੂਆਤ ਪ੍ਰੇਰਨਾਦਾਇਕ ਮਾਰਚ ਪਾਸਟ ਨਾਲ ਹੋਈ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਅਨੁਸ਼ਾਸਨ ਅਤੇ ਟੀਮ ਸਪੀਰਿਟ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਦੌਰਾਨ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਸੈਕ ਰੇਸ, ਰਿਲੇਅ ਰੇਸ, ਵਨ ਲੈਗ ਰੇਸ, ਫਰੋਗ ਰੇਸ, ਥਰੀ ਲੈਗ ਰੇਸ, ਲੈਮਨ ਰੇਸ, ਬੈਲੂਨ ਰੇਸ, 50 ਮੀਟਰ, 100 ਮੀਟਰ, 200 ਮੀਟਰ ਸ਼ਾਮਲ ਸਨ । ਸੀਨੀਅਰ ਵਿੰਗ ਦੇ ਵਿਦਿਆਰਥੀਆਂ ਵੱਲੋਂ ਵਾਲੀਬਾਲ ਮੁਕਾਬਲੇ ਵੀ ਕਰਵਾਏ ਗਏ, ਜਮਾਤ ਬਾਰਵੀਂ ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ, ਜਿਸ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮੈਡਲ ਜਿੱਤੇ । ਜੇਤੂ ਖਿਡਾਰੀਆਂ ਨੂੰ ਸਕੂਲ ਪ੍ਰਬੰਧਕਾਂ ਵੱਲੋਂ ਸਰਟੀਫਿਕੇਟ ਅਤੇ ਮੈਡਲ ਦਿੱਤੇ ਗਏ। ਸਟੇਜ ਸੰਚਾਲਨ ਦੀ ਭੂਮਿਕਾ ਰਣਜੀਤ ਕੌਰ ਅਤੇ ਮਿਸ ਪ੍ਰਭਲੀਨ ਕੌਰ ਨੇ ਬਾਖੂਬੀ ਨਿਭਾਈ। ਇੰਸਪੈਕਟਰ ਮੀਰਾ ਕੇ ਪਵਾਰ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਹੋਣ ਵਾਲੇ ਮੁਕਾਬਲਿਆਂ ਵਿੱਚ ਭਾਗ ਲੈਣ ਦਾ ਸੱਦਾ ਦਿੱਤਾ। ਪਰਮਿੰਦਰ ਕੌਰ ਚੰਨੀ ਕੋ ਚੇਅਰਪਰਸਨ ਸੀ.ਟੀ ਗਰੁੱਪ ਆਫ ਇੰਸਟੀਟਿਊਟ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਨਸ਼ਿਆਂ ਅਤੇ ਮੋਬਾਇਲ ਦੀ ਵਾਧੂ ਵਰਤੋਂ ਤੋਂ ਦੂਰੀ ਬਣਾ ਕੇ ਰੱਖਣ ਅਤੇ ਨਾਲ ਹੀ ਉਨਾਂ ਨੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਆ । ਅੰਤ ਵਿੱਚ ਸਕੂਲ ਦੇ ਚੇਅਰਮੈਨ ਮਹਿੰਦਰ ਸਿੰਘ ਨੇ ਅੱਜ ਦੇ ਸਮਾਗਮ ਦੀ ਸੰਪੂਰਨਤਾ 'ਤੇ ਆਏ ਹੋਏ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਨਾਲ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕੀਤੀ।



ਸਮਾਗਮ ਦੌਰਾਨ ਇੰਸਪੈਕਟਰ ਮੀਰਾ ਕੇ ਪਵਾਰ ਤੇ ਪਰਮਿੰਦਰ ਕੌਰ ਚੰਨੀ ਦਾ ਸਨਮਾਨ ਕਰਦੇ ਹੋਏ ਚੇਅਰਪਰਸਨ ਜਗਦੀਪ ਕੌਰ, ਚੇਅਰਮੈਨ ਮਹਿੰਦਰ ਸਿੰਘ ਤੇ ਡਾਇਰੈਕਟਰ ਜੈਦੀਪ ਸਿੰਘ ਆਦਿ। ਤਸਵੀਰ-ਜੀ.ਪੀ.ਸਿੰਘ





ਜਿੰਮਖਾਨਾ ਆਫ਼ੀਸਰ ਵਾਈਫ਼ ਕਲੱਬ ਵਲੋਂ ਪ੍ਰੀਤੀ ਬਾਜਵਾ ਦੀ ਅਗਵਾਈ ਮਨਾਏ ਹੈਲੋਵਨ ਡੇ ਦਾ ਅਨੰਦ ਮਾਣਦੇ ਹੋਏ ਕਲੱਬ ਮੈਂਬਰ। ਤਸਵੀਰਾਂ ਮੁਨੀਸ਼

# ਜਿੰਮਖਾਨਾ ਆਫ਼ੀਸਰ ਵਾਈਫ ਕਲੱਬ ਨੇ ਮਨਾਇਆ ਹੈਲੋਵਨ ਡੇ

ਜਲੰਧਰ, 28 ਅਕਤੂਬਰ (ਹਰਵਿੰਦਰ ਸਿੰਘ ਫੁੱਲ)-ਜਿੰਮਖਾਨਾ ਆਫ਼ੀਸਰ ਵਾਈਫ਼ ਕਲੱਬ ਵੱਲੋਂ ਹੈਲੋਵਨ ਡੇ ਕਲੱਬ ਦੇ ਵਿਹੜੇ 'ਚ ਪ੍ਰੀਤੀ ਬਾਜਵਾ ਦੀ ਅਗਵਾਈ 'ਚ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਵਿਚ ਕਲੱਬ ਦੇ ਸਮੂਹ ਮੈਂਬਰਾਂ ਨੇ ਹੈਲੋਵਨ ਨਾਲ ਸੰਬੰਧਿਤ ਪਹਿਰਾਵਿਆਂ 'ਚ ਸ਼ਿਰਕਤ ਕੀਤੀ। ਇਸ ਮੌਕੇ ਕਰਵਾਏ ਪ੍ਰੋਗਰਾਮ 'ਚ ਮੈਂਬਰਾਂ ਨੇ ਤੰਬੋਲਾ ਦਾ ਅਨੰਦ ਮਾਣਿਆ। ਉਪਰੰਤ ਕੈਟ ਵਾਕ ਕਰਵਾਈ ਗਈ ਜਿਸ ਵਿਚ ਅਨੇਜਾ ਅਤੇ ਬੇਬੀ ਕਾਹਲੋਂ ਨੇ ਸਪੈਸ਼ਲ ਇਨਾਮ ਜਿੱਤੇ। ਇਸ ਮੌਕੇ ਜੁਆਇੰਟ ਸੈਕਟਰੀ ਡਾ. ਪਰਮਜੀਤ ਕੌਰ, ਮਨੋਰੰਜਨ ਸਕੱਤਰ ਅਲਕਾ ਜਾਖੂ, ਖ਼ਜ਼ਾਨਚੀ ਨੀਲੂ ਅਤੇ ਡਾ. ਪਰਮਿੰਦਰ, ਸੈਕਟਰੀ ਬੇਬੀ ਕਾਹਲੋਂ ਤੋਂ ਇਲਾਵਾ ਵੱਡੀ ਗਿਣਤੀ 'ਚ ਕਲੱਬ ਮੈਂਬਰ ਹਾਜ਼ਰ ਸਨ। ਸਮਾਗਮ ਦੇ ਅੰਤ 'ਚ ਪ੍ਰੀਤੀ ਬਾਜਵਾ ਨੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ।



ਸਮਾਗਮ ਦੌਰਾਨ ਹਾਜ਼ਰ ਵਿਦਿਆਰਥੀ। ਤਸਵੀਰ-ਜੀ.ਪੀ.ਸਿੰਘ

# ਸੇਂਟ ਸੋਲਜਰ ਦੇ ਵਿਦਿਆਰਥੀਆਂ ਨੇ ਛੱਠ ਪੂਜਾ ਦੀ ਭਾਵਨਾ ਦਾ ਜਸ਼ਨ ਮਨਾਇਆ

ਜਲੰਧਰ, 28 ਅਕਤੂਬਰ ਅ.ਬ)-ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀਆਂ ਨੇ ਵੱਖ-ਵੱਖ ਸ਼ਾਖਾਵਾਂ ਵਿੱਚ ਭਗਵਾਨ ਸੂਰਜ ਅਤੇ ਛੱਠੀ ਮਈਆ ਨੂੰ ਸਮਰਪਿਤ ਇੱਕ ਸਤਿਕਾਰਯੋਗ ਤਿਉਹਾਰ, ਛੱਠ ਪੂਜਾ ਨੂੰ ਮਾਣ ਨਾਲ ਮਨਾਇਆ, ਜਿਸ ਵਿੱਚ ਸ਼ੁਕਰਗੁਜ਼ਾਰੀ, ਉਮੀਦ ਅਤੇ ਸੱਭਿਆਚਾਰਕ ਵਿਰਾਸਤ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ। ਵਿਦਿਆਰਥੀਆਂ ਨੇ ਸੂਰਜ ਦੇਵਤਾ ਨੂੰ ਪ੍ਰਾਰਥਨਾ ਕਰ, ਠੇਕੂਆ ਅਤੇ ਅਰਵ ਵਰਗੇ ਰਵਾਇਤੀ ਪਕਵਾਨ ਤਿਆਰ ਕਰਨ ਅਤੇ ਭਾਈਚਾਰਕ ਸੇਵਾ ਵਿੱਚ ਸ਼ਾਮਲ ਹੋਣ ਸਮੇਤ ਵੱਖ-ਵੱਖ ਰਸਮਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਵਿਦਿਆਰਥੀਆਂ ਨੇ ਖੁਸ਼ਹਾਲੀ ਅਤੇ ਤੰਦਰੁਸਤੀ ਲਈ ਭਗਵਾਨ ਸੂਰਜ ਦੇ ਆਸ਼ੀਰਵਾਦ ਦੀ ਮੰਗ ਕੀਤੀ। ਇਸ ਜਸ਼ਨ ਨੇ ਨਾਂ ਸਿਰਫ਼ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪਰੰਪਰਾਵਾਂ ਬਾਰੇ ਸਮਝ ਨੂੰ ਡੂੰਘਾ ਕੀਤਾ, ਸਗੋਂ ਵਿਭਿੰਨ ਸੱਭਿਆਚਾਰਕ ਅਭਿਆਸਾਂ ਲਈ ਸਦਭਾਵਨਾ ਅਤੇ ਸਤਿਕਾਰ ਨੂੰ ਵੀ ਉਤਸ਼ਾਹਿਤ ਕੀਤਾ। ਵਿਦਿਆਰਥੀਆਂ ਨੇ ਇਸ ਤਿਉਹਾਰ ਦਾ ਭਰਪੂਰ ਆਨੰਦ ਮਾਣਿਆ।

# 350 ਸਾਲਾ ਸ਼ਹੀਦੀ ਸ਼ਤਾਬਦੀ ਦਿਹਾੜੇ ਨੂੰ ਸਮਰਪਿਤ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੱਲੀ ਜਾਗ੍ਰਿਤੀ ਯਾਤਰਾ ਦਾ ਸ਼ਹਿਰ 'ਚ ਨਿੱਘਾ ਸਵਾਗਤ

ਜਲੰਧਰ, 28 ਅਕਤੂਬਰ (ਹਰਵਿੰਦਰ ਸਿੰਘ ਫੁੱਲ)-ਹਿੰਦ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ 350 ਸ਼ਾਲਾ ਸ਼ਹੀਦੀ ਸ਼ਤਾਬਦੀ ਦਿਹਾੜੇ ਦੇ ਸਬੰਧ ਦੇ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਬਿਹਾਰ ਦੀ ਸੂਬਾ ਸਰਕਾਰ ਦੇ ਸਾਂਝੇ ਉੱਦਮਾਂ ਸਦਕਾ ਇੱਕ ਵਿਸ਼ੇਸ਼ ਜਾਗ੍ਰਿਤੀ ਯਾਤਰਾ ਜੋ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਆਰੰਭ ਹੋਈ ਸੀ ਵੱਖ-ਵੱਖ ਸੂਬਿਆਂ ਤੋਂ ਹੁੰਦੇ ਹੋਏ ਬੀਤੇ ਦਿਨੀਂ ਦੇਰ ਰਾਤ ਜਲੰਧਰ ਪਹੁੰਚੀ। ਜਲੰਧਰ ਪਹੁੰਚਣ 'ਤੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਬਖ਼ਸ਼ ਸਿੰਘ ਜੁਨੇਜਾ ਦੀ ਅਗਵਾਈ ਸਮੂਹ ਪ੍ਰਬੰਧਕ ਕਮੇਟੀ ਅਤੇ ਸ਼ਹਿਰ ਦੀਆਂ ਸੰਗਤਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਕਮੇਟੀ ਵੱਲੋਂ ਪੰਜਾ ਪਿਆਰਿਆਂ ਅਤੇ ਨਿਸ਼ਾਨਚੀ ਸਿੰਘਾਂ ਅਤੇ ਹੋਰ ਆਗੂਆਂ ਦਾ ਇਸ ਮੌਕੇ ਸਨਮਾਨ ਵੀ ਕੀਤਾ ਗਿਆ ਅਤੇ ਸੰਗਤਾਂ ਦੀ ਸੇਵਾ ਵਾਸਤੇ ਲੰਗਰ ਲਗਾਏ ਗਏ। ਇਸ ਮੌਕੇ ਸਰਬਜੀਤ ਸਿੰਘ ਮੱਕੜ (ਸਾਬਕਾ ਵਿਧਾਇਕ), ਕੌਂਸਲਰ ਕੰਵਰ ਸਰਤਾਜ ਸਿੰਘ ਤੋਂ ਇਲਾਵਾ ਪ੍ਰਧਾਨ ਗੁਰਬਖ਼ਸ਼ ਸਿੰਘ ਜੁਨੇਜਾ, ਤਜਿੰਦਰ ਪਾਲ ਸਿੰਘ, ਚਰਨਜੀਵ ਸਿੰਘ ਲਾਲੀ, ਅਮਰਜੀਤ ਸਿੰਘ ਬਜਾਜ, ਨੌਜਵਾਨ ਸਭਾ ਦੇ ਮੁਖੀ ਸੰਦੀਪ ਸਿੰਘ ਚਾਵਲਾ, ਰਜਿੰਦਰ ਪਾਲ ਸਿੰਘ, ਇੰਦਰਜੀਤ ਸਿੰਘ, ਜਸਪ੍ਰੀਤ ਸਿੰਘ, ਕਰਮਜੀਤ ਸਿੰਘ, ਰਵਿੰਦਰ ਸਿੰਘ, ਵਿਲੀਨ ਸਿੰਘ, ਉੱਜਵਲ ਸਚਦੇਵਾ, ਈਸ਼ਰ ਸਿੰਘ ਚੁੱਘ ਅਤੇ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।



ਜਾਗ੍ਰਿਤੀ ਯਾਤਰਾ ਦਾ ਸਵਾਗਤ ਕਰਨ ਮੌਕੇ ਚਰਨਜੀਵ ਸਿੰਘ ਲਾਲੀ, ਪ੍ਰਧਾਨ ਗੁਰਬਖ਼ਸ਼ ਸਿੰਘ ਜੁਨੇਜਾ, ਸਰਬਜੀਤ ਸਿੰਘ ਮੱਕੜ, ਕੰਵਰ ਸਰਤਾਜ ਸਿੰਘ ਤੇ ਹੋਰ। ਤਸਵੀਰ ਮੁਨੀਸ਼



ਸਰਬ ਧਰਮ ਵੈਲਫ਼ੇਅਰ ਸੇਵਾ ਸੁਸਾਇਟੀ ਲੰਮਾ ਪਿੰਡ ਵਲੋਂ 15 ਨਵੰਬਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਤੇ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਜੈਤਾ ਜੀ ਤੇ ਹੋਰ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਲੰਮਾ ਪਿੰਡ ਹੁਸ਼ਿਆਰਪੁਰ ਰੋਡ 'ਤੇ ਕਰਵਾਏ ਜਾ ਰਹੇ ਸਾਲਾਨਾ ਕੀਰਤਨ ਦਰਬਾਰ ਸੰਬੰਧੀ ਕੀਤੀ ਗਈ ਬੈਠਕ ਦੌਰਾਨ ਗੱਲਬਾਤ ਕਰਦੇ ਹੋਏ ਪ੍ਰਧਾਨ ਰਣਜੀਤ ਸਿੰਘ ਰਾਣਾ, ਮਹਿੰਦਰ ਸਿੰਘ ਜੰਬਾ, ਸਤਿੰਦਰ ਸਿੰਘ ਪੀਤਾ, ਜਗਜੀਤ ਸਿੰਘ ਖਾਲਸਾ ਤੇ ਹੋਰ ਪ੍ਰਬੰਧਕ। ਅਜੀਤ -ਤਸਵੀਰ, ਵੇਰਵਾ -ਨਰਿੰਦਰ ਲਾਗੂ

# ਸ਼ਿਵ ਜਯੋਤੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਫੇਸ-ਪੇਂਟਿੰਗ ਮੁਕਾਬਲੇ ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ

ਜਲੰਧਰ, 28 ਅਕਤੂਬਰ (ਅ.ਬ.)-ਸਕੂਲ ਪ੍ਰਬੰਧਨ ਅਤੇ ਪ੍ਰਿੰਸੀਪਲ ਸ਼੍ਰੀਮਤੀ ਪ੍ਰਵੀਨ ਸ਼ੈਲੀ ਦੀ ਅਗਵਾਈ ਹੇਠ, ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਵੱਖ-ਵੱਖ ਮੁਕਾਬਲੇ ਕਰਵਾਏ ਜਾ ਰਹੇ ਹਨ। ਗਤੀਵਿਧੀਆਂ ਇੰਚਾਰਜ ਰੰਜੂ ਸ਼ਰਮਾ ਦੀ ਨਿਗਰਾਨੀ ਹੇਠ, 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੰਟਰ-ਹਾਊਸ ਫੇਸ-ਪੇਂਟਿੰਗ ਮੁਕਾਬਲਾ ਕਰਵਾਇਆ ਗਿਆ। ਜੱਜਾਂ, ਕਿਰਨ ਸ਼ਰਮਾ ਅਤੇ ਰਜਨੀ ਮਲਿਕ ਨੇ ਕਲਾਕਾਰਾਂ ਅਤੇ ਮਾਡਲ ਦੇ ਕਲਾਤਮਕ ਹੁਨਰਾਂ ਦੇ ਆਧਾਰ 'ਤੇ ਆਪਣੇ ਫ਼ੈਸਲੇ ਸੁਣਾਏ। ਕਲਾ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ, ਕਲਾਕਾਰ ਗਗਨਪ੍ਰੀਤ ਕੌਰ ਅਤੇ ਮਾਡਲ ਜਾਨਿਆ ਸ਼ਰਮਾ ਨੇ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਪ੍ਰਵੀਨ ਸ਼ੈਲੀ ਨੇ ਬਾਕੀ ਜੇਤੂਆਂ ਨੂੰ ਮੈਡਲ ਅਤੇ ਸਰਟੀਫਿਕੇਟ ਭੇਟ ਕੀਤੇ, ਉਨ ਾਂ ਨੂੰ ਉਤਸ਼ਾਹਿਤ ਕੀਤਾ ਅਤੇ ਸਾਰੇ ਭਾਗੀਦਾਰਾਂ ਦੀ ਕਲਾ ਦੀ ਸ਼ਲਾਘਾ ਕੀਤੀ। ਡਾ. ਵਿਦੁਰ ਜੋਤੀ, ਚੇਅਰਮੈਨ ਟਰੱਸਟ; ਡਾ. ਸੁਵਿਕਰਮ ਜੋਤੀ, ਚੇਅਰਮੈਨ ਕਮ ਮੈਨੇਜਰ, ਮੈਨੇਜਿੰਗ ਕਮੇਟੀ; ਟਰੱਸਟ ਦੇ ਜਨਰਲ ਸਕੱਤਰ, ਵਾਈਸ ਪ੍ਰਿੰਸੀਪਲ ਰਮਨਦੀਪ ਅਤੇ ਸਹਾਇਕ ਵਾਈਸ ਪ੍ਰਿੰਸੀਪਲ ਮਮਤਾ ਅਰੋੜਾ ਨੇ ਵੀ ਸਾਰੇ ਜੇਤੂਆਂ, ਉਨ ਾਂ ਦੇ ਮਾਪਿਆਂ ਅਤੇ ਮਾਰਗਦਰਸ਼ਕ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਉਨ ਾਂ ਦੇ ਸਾਰਥਕ ਯਤਨਾਂ ਦੀ ਸ਼ਲਾਘਾ ਕੀਤੀ।







ਹਾਕੀ ਟੀਮਾਂ ਨਾਲ ਯਾਦਗਾਰੀ ਤਸਵੀਰ ਖਿਚਵਾਉਂਦੇ ਹੋਏ ਮੁੱਖ ਮਹਿਮਾਨ ਉਲੰਪੀਅਨ ਸੁਰਿੰਦਰ ਸਿੰਘ ਸੋਢੀ।



ਸੀਨੀਅਰ ਡਿਪਟੀ ਮੇਅਰ ਬਲਬੀਰ ਸਿੰਘ ਵਿੱਲੋਂ ਨਿਗਮ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨਾਲ ਗੱਲਬਾਤ ਕਰਦੇ ਹੋਏ। ਤਸਵੀਰ-ਜੀ.ਪੀ.ਸਿੰਘ

# ਠੇਕੇਦਾਰਾਂ ਨੂੰ ਰਾਮਾ ਮੰਡੀ ਮਾਰਕੀਟ 'ਚੋਂ ਸਵੇਰੇ 7 ਵਜੇ ਕੂੜਾ ਚੁੱਕਣ ਦੀਆਂ ਹਦਾਇਤਾਂ

ਜਲੰਧਰ ਛਾਉਣੀ, 28 ਅਕਤੂਬਰ (ਪਵਨ ਖਰਬੰਦਾ)-ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਬਲਬੀਰ ਸਿੰਘ ਵਿੱਲੋਂ ਵਲੋਂ ਅੱਜ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਰਾਮਾ ਮੰਡੀ ਮਾਰਕੀਟ ਵਿਖੇ ਚੈਕਿੰਗ ਕੀਤੀ ਗਈ। ਇਸ ਦੌਰਾਨ ਸਾਹਮਣੇ ਆਇਆ ਕਿ ਠੇਕੇਦਾਰਾਂ ਵਲੋਂ ਉਪਲਬਧ ਕਰਵਾਈਆਂ ਗਈਆਂ ਟਰਾਲੀਆਂ ਸਵੇਰੇ ਕਰੀਬ 9 ਵਜੇ ਕੰਮ ਆਰੰਭ ਕਰਦੀਆਂ ਹਨ। ਜਿਸ ਕਾਰਨ ਸਫਾਈ ਵਿਵਸਥਾ ਠੀਕ ਤਰ੍ਹਾਂ ਨਹੀਂ ਹੋ ਪਾ ਰਹੀ ਹੈ। ਉਨ੍ਹਾਂ ਹਦਾਇਤਾਂ ਦਿੱਤੀਆਂ ਕਿ ਸਫਾਈ ਕਰਮਚਾਰੀ ਸਵੇਰੇ 7 ਵਜੇ ਆਪਣਾ ਕੰਮ ਆਰੰਭ ਕਰ ਦਿੰਦੇ ਹਨ, ਜਦੋਂ ਕਿ ਕੂੜਾ ਚੁੱਕਣ ਵਾਲੀਆਂ ਟਰਾਲੀਆਂ ਵੀ ਸਵੇਰੇ 7 ਵਜੇ ਵਾਰਡਾਂ ਅਤੇ ਸੜਕਾਂ 'ਤੇ ਆਉਣੀਆਂ ਚਾਹੀਦੀਆਂ ਹਨ। ਇਸ ਚੈਕਿੰਗ ਦੌਰਾਨ ਸਾਹਮਣੇ ਆਇਆ ਕਿ ਹਾਜ਼ਰੀ ਰਜਿਸਟਰ ਵੀ ਮੌਕੇ 'ਤੇ ਨਹੀਂ ਸੀ। ਉਨ੍ਹਾਂ ਹਦਾਇਤਾਂ ਦਿੱਤੀਆਂ ਕਿ ਰੋਜਾਨਾ ਟਰਾਲੀਆਂ ਦੀ ਪਰੋਗਰੈਸ ਰਿਪੋਰਟ ਨਾਲ ਨੱਥੀ ਕਰਕੇ ਪ੍ਰਫੋਰਮੇ 'ਚ ਸੈਨਟਰੀ ਇੰਸਪੈਟਰਾਂ ਨੂੰ ਰੋਜ਼ਾਨਾ ਭੇਜੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਠੇਕੇਦਾਰ ਵਲੋਂ ਦਿੱਤੀਆਂ ਗਈਆਂ ਹਦਾਇਤਾਂ ਦੀ ਉਲੰਘਣਾਂ ਕੀਤੀ ਗਈ ਤਾਂ ਜ਼ੁਰਮਾਨੇ ਵੀ ਲਾਏ ਜਾਣਗੇ।

## 42ਵਾਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ

# ਭਾਰਤ ਪੈਟਰੋਲੀਅਮ ਨੇ ਕੈਗ ਦਿੱਲੀ ਨੂੰ 2-0 ਨਾਲ ਤੇ ਇੰਡੀਅਨ ਨੇਵੀ ਨੇ ਇੰਡੀਅਨ ਆਇਲ ਨੂੰ 2-1 ਨਾਲ ਹਰਾ ਕੇ ਕੁਆਰਟਰ ਫਾਈਨਲ 'ਚ ਦਾਖ਼ਲ

ਜਲੰਧਰ, 28 ਅਕਤੂਬਰ (ਡਾ. ਜਤਿੰਦਰ ਸਾਬੀ)-ਭਾਰਤ ਪੈਟਰੋਲੀਅਮ ਮੁੰਬਈ ਨੇ ਕੈਗ ਦਿੱਲੀ ਨੂੰ 2-0 ਨਾਲ ਅਤੇ ਇੰਡੀਅਨ ਨੇਵੀ ਨੇ ਇੰਡੀਅਨ ਆਇਲ ਮੁੰਬਈ ਨੂੰ ਸਖਤ ਮੁਕਾਬਲੇ ਮਗਰੋਂ 2-1 ਦੇ ਫਰਕ ਨਾਲ ਹਰਾ ਕੇ 42ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੇ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਕਰ ਲਿਆ। ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿੱਚ ਚਲ ਰਹੇ ਟੂਰਨਾਮੈਂਟ ਦੇ ਛੇਵੇਂ ਦਿਨ ਲੀਗ ਦੌਰ ਦੇ ਆਖਰੀ ਦੋ ਮੈਚ ਖੇਡੇ ਗਏ। ਪਹਿਲਾ ਲੀਗ ਮੈਚ ਪੂਲ ਸੀ ਵਿੱਚ ਭਾਰਤ ਪੈਟਰੋਲੀਅਮ ਮੁੰਬਈ ਅਤੇ ਕੈਗ ਦਿੱਲੀ ਦੇ ਦਰਮਿਆਨ ਖੇਡਿਆ ਗਿਆ। ਭਾਰਤ ਪੈਟਰੋਲੀਅਮ ਵਲੋਂ 19ਵੇਂ ਮਿੰਟ ਵਿੱਚ ਪਰਮਵੀਰ ਸਿੰਘ ਨੇ ਗੋਲ ਕਰਕੇ ਸਕੋਰ 1-0 ਕੀਤਾ। ਖੇਡ ਦੇ 27ਵੇਂ ਮਿੰਟ ਵਿੱਚ ਭਾਰਤ ਪੈਟਰੋਲੀਅਮ ਦੇ ਸ਼ਾਹਰੁਖ ਅਲੀ ਨੇ ਗੋਲ ਕਰਕੇ ਸਕੋਰ 2-0 ਕਰਕੇ ਮੈਚ ਜਿੱਤ ਲਿਆ। ਭਾਰਤ ਪੈਟਰਲੀਅਮ ਨੇ ਇਹ ਮੈਚ ਜਿੱਤ ਕੇ ਤਿੰਨ ਅੰਕ ਹਾਸਲ ਹਾਸਲ ਕਰਕੇ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਦੂਜਾ ਲੀਗ ਮੈਚ ਪੂਲ ਏ ਵਿੱਚ ਸਾਬਕਾ ਜੇਤੂ ਇੰਡੀਅਨ ਆਇਲ ਮੁੰਬਈ ਅਤੇ ਇੰਡੀਅਨ ਨੇਵੀ ਮੁੰਬਈ ਦਰਮਿਆਨ ਖੇਡਿਆ ਗਿਆ। ਖੇਡ ਦੇ ਤੀਜੇ ਕੁਆਰਟਰ ਦੇ 45ਵੇਂ ਮਿੰਟ ਵਿੱਚ ਇੰਡੀਅਨ ਆਇਲ ਦੇ ਅਫਾਨ ਯੂਸਫ ਨੇ ਪੈਨਲਟੀ ਕਾਰਨਰ ਰਾਹੀਂ ਗੋਲ ਕਰਕੇ ਸਕੋਰ 1-0 ਕੀਤਾ। ਖੇਡ ਦੇ ਚੌਥੇ ਕੁਆਰਟਰ ਦੇ 49ਵੇਂ ਮਿੰਟ ਵਿੱਚ ਸ਼ੁਸ਼ੀਲ ਧਨਵਾਰ ਨੇ ਪੈਨਲਟੀ ਸਟਰੋਕ ਰਾਹੀਂ ਗੋਲ ਕਰਕੇ ਸਕਰ 1-1 ਕੀਤਾ। ਖੇਡ ਦੇ ਆਖਰੀ ਮਿੰਟ ਵਿੱਚ ਇੰਡੀਅਨ ਨੇਵੀ ਮੁੰਬਈ ਦੇ ਕੇ ਸਿਲਵਾ ਰਾਜ ਨੇ ਗੋਲ ਕਰਕੇ ਸਕੋਰ 2-1 ਕਰਕੇ ਮੈਚ ਜਿੱਤ ਕੇ ਲੀਗ ਦੌਰ ਵਿੱਚ ਦੋ ਮੈਚਾਂ ਤੋਂ ਬਾਅਦ 6 ਅੰਕਾਂ ਨਾਲ ਪਹਿਲਾ ਸਥਾਨ ਹਾਸਲ ਕੀਤਾ ਜਦਕਿ ਇੰਡੀਅਨ ਆਇਲ ਨੇ ਲੀਗ ਦੌਰ ਦੇ ਦੋ ਮੈਚਾਂ ਤੋਂ ਬਾਅਦ ਤਿੰਨ ਅੰਕਾਂ ਨਾਲ ਦੂਜਾ ਸਥਾਨ ਹਾਸਲ ਕਰਕੇ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਅੱਜ ਦੇ ਮੈਚਾਂ ਦੇ ਮੁੱਖ ਮਹਿਮਾਨ ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਸੰਦੀਪ ਰਿਸ਼ੀ ਆਈਏਐਸ ਕਮਿਸ਼ਨਰ ਨਗਰ ਨਿਗਮ ਨੇ ਟੀਮਾਂ ਨਾਲ ਜਾਣ ਪਛਾਣ ਕੀਤੀ। ਇਸ ਮੌਕੇ ਤੇ ਲਖਵਿੰਦਰ ਪਾਲ ਸਿੰਘ ਖਹਿਰਾ, ਇਕਬਾਲ ਸਿੰਘ ਸੰਧੂ, ਸੁਰਿੰਦਰ ਸਿੰਘ ਭਾਪਾ, ਗੁਰਵਿੰਦਰ ਸਿੰਘ ਗੁੱਲੂ, ਰਾਮ ਪ੍ਰਤਾਪ, ਪ੍ਰੋਫੈਸਰ ਕ੍ਰਿਪਾਲ ਸਿੰਘ ਮਠਾਰੂ, ਐਲ ਆਰ ਨਈਅਰ, ਕੁਲਵਿੰਦਰ ਥਿਆੜਾ, ਅਵਤਾਰ ਸਿੰਘ, ਸੁਰਿੰਦਰ ਸਿੰਘ, ਗੌਰਵ ਅਗਰਵਾਲ, ਬਲਜੀਤ ਸਿੰਘ ਉਲੰਪੀਅਨ ਸੁਰਜੀਤ ਸਿੰਘ ਦੇ ਵੱਡੇ ਭਰਾ, ਹਰਿੰਦਰ ਸੰਘਾ, ਗੁਰਿੰਦਰ ਸੰਘਾ, ਰਣਬੀਰ ਟੁੱਟ, ਨਰਿੰਦਰ ਪਾਲ ਸਿੰਘ ਜੱਜ, ਨੱਥਾ ਸਿੰਘ ਗਾਖਲ, ਗੌਰਵ ਮਹਾਜਨ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

**29 ਅਕਤੂਬਰ ਨੂੰ ਖੇਡੇ ਜਾਣ ਵਾਲੇ ਮੈਚ**

**ਇੰਡੀਅਨ ਨੇਵੀ ਮੁੰਬਈ ਬਨਾਮ ਇੰਡੀਅਨ ਏਅਰ ਫੋਰਸ ਦਿੱਲੀ 4:30 ਵਜੇ ਖੇਡਿਆ ਜਾਵੇਗਾ।**

**ਭਾਰਤੀ ਰੇਲਵੇ ਦਿੱਲੀ ਬਨਾਮ ਬੀਐੱਸਐੱਫ ਜਲੰਧਰ 6:15 ਵਜੇ ਸ਼ਾਮ ਖੇਡਿਆ ਜਾਵੇਗਾ।**





ਸੁਰਜੀਤ ਹਾਕੀ ਸਟੇਡੀਅਮ 'ਚ ਕਲਾਕਾਰਾਂ ਨਾਲ ਮੁੱਖ ਮਹਿਮਾਨ ਸੰਦੀਪ ਰਿਸ਼ੀ ਆਈ.ਏ.ਐੱਸ ਤੇ ਪ੍ਰਬੰਧਕ ਕਮੇਟੀ ਦੇ ਮੈਂਬਰ ਵਿਖਾਈ ਦੇ ਰਹੇ ਹਨ। ਤਸਵੀਰਾਂ:-ਮੁਨੀਸ਼



ਸਮਾਗਮ ਵਿਚ ਸ਼ਾਮਿਲ ਬਲਬੀਰ ਸਿੰਘ ਬਿੱਟੂ, ਪਵਨ ਬਾਬਾ, ਮਲਕੀਤ ਸਿੰਘ ਸੁਭਾਨਾ, ਹਿਤੇਸ਼ ਗਰੇਵਾਲ, ਅਸ਼ੋਕ ਭੀਲ ਤੇ ਹੋਰ। ਤਸਵੀਰ: ਜੀ. ਪੀ. ਸਿੰਘ

# ਡਰਾਈਵਰ ਯੂਨੀਅਨ ਨੇ ਮਨਾਇਆ ਵਿਸ਼ਵਕਰਮਾ ਦਿਵਸ

ਜਲੰਧਰ, 28 ਅਕਤੂਬਰ (ਸ਼ਿਵ)-ਲੰਮਾ ਪਿੰਡ ਚੌਂਕ ਨਗਰ ਨਿਗਮ ਦੀ ਵਰਕਸ਼ਾਪ ਵਿਚ ਡਰਾਈਵਰ ਤੇ ਟੈਕਨੀਕਲ ਜੇ.ਸੀ.ਬੀ. ਆਪਰੇਟਰ ਯੂਨੀਅਨ ਵੱਲੋਂ ਅੱਜ ਵਿਸ਼ਵਕਰਮਾ ਦਿਹਾੜਾ ਮਨਾਇਆ ਗਿਆ। ਜਿਸ ਦੇ ਪ੍ਰਧਾਨ ਅਨਿਲ ਸਭਰਵਾਲ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਗਰ ਨਿਗਮ ਕਮਿਸ਼ਨਰ ਸੰਦੀਪ ਰਿਸ਼ੀ. ਪੰਜਾਬ ਸਫ਼ਾਈ ਕਮਿਸ਼ਨਰ ਦੇ ਚੇਅਰਮੈਨ ਚੰਦਨ ਗਰੇਵਾਲ, ਹਲਕਾ ਕੈਂਟ ਦੇ ਇੰਚਾਰਜ ਮੈਡਮ ਰਾਜਵਿੰਦਰ ਕੌਰ ਥਿਆੜਾ, ਸੀਨੀਅਰ ਡਿਪਟੀ ਮੇਅਰ ਬਲਬੀਰ ਸਿੰਘ ਬਿੱਟੂ, ਡਿਪਟੀ ਮੇਅਰ ਮਲਕੀਤ ਸਿੰਘ ਸੁਭਾਨਾ ਤੋਂ ਇਲਾਵਾ ਇਨ੍ਹਾਂ ਵਿਚ ਮਿੰਟੂ ਜੁਨੇਜਾ, ਪ੍ਰਨੀਤ ਸਿੰਘ, ਐੱਚ.ਪੀ. ਸਿੰਘ, ਜਤਿੰਦਰ ਜਿੰਦ, ਗੁਰਚਰਨ ਸਿੰਘ, ਅਭਿਨਾਸ਼, ਚਰਨਜੀਤ, ਅਸ਼ੋਕ ਭੀਲ, ਹਿਤੇਸ਼ ਗਰੇਵਾਲ, ਜੁਗਲ ਕਿਸ਼ੋਰ, ਗੌਰਵ ਗਿੱਲ, ਰਵੀ ਸਭਰਵਾਲ, ਸ੍ਰੀ ਖ਼ਾਨ, ਛੋਟਾ ਰਾਜੂ, ਕਾਲੂ ਸੱਭਰਵਾਲ, ਹੀਰੋ ਸੱਭਰਵਾਲ ਹਾਜ਼ਰ ਸਨ।







ਥਾਣਾ ਸਦਰ ਜਲੰਧਰ ਦੇ ਬਾਹਰ ਮਿੱਟੀ ਨਾਲ ਭਰੇ ਖੜ੍ਹੇ ਦੋ ਟਿੱਪਰ।

# ਥਾਣਾ ਸਦਰ ਜਲੰਧਰ ਦੀ ਪੁਲਿਸ ਨੇ ਫੜੇ ਮਿੱਟੀ ਨਾਲ ਭਰੇ ਟਿੱਪਰ ਬਿਨਾਂ ਕਾਰਵਾਈ ਛੱਡੇ

ਜਮਸ਼ੇਰ ਖਾਸ, 28 ਅਕਤੂਬਰ (ਹਰਵਿੰਦਰ ਕੁਮਾਰ)-ਵੈਸੇ ਤਾਂ ਪੰਜਾਬ ਪੁਲਿਸ ਆਪਣੀਆਂ ਕਈ ਅਨੋਖੀਆਂ ਕਾਰਵਾਈਆਂ ਕਰਕੇ ਮਸ਼ਹੂਰ ਹੈ ਹੁਣ ਇਸੇ ਗੀਤ ਨੂੰ ਅੱਗੇ ਤੋਰਦਿਆਂ ਥਾਣਾ ਸਦਰ ਜਲੰਧਰ ਦੀ ਪੁਲਿਸ ਵੱਲੋਂ ਅੱਜ ਸ਼ਾਮ ਇੱਕ ਅਨੋਖੀ ਮਿਸਾਲ ਪੇਸ਼ ਕੀਤੀ ਗਈ। ਥਾਣਾ ਸਦਰ ਜਲੰਧਰ ਪੁਲਿਸ ਨੇ ਮਿੱਟੀ ਨਾਲ ਭਰੇ 2 ਟਿੱਪਰ ਫੜ੍ਹ ਕੇ ਛੱਡਣ ਦੀ ਅਨੋਖੀ ਮਿਸਾਲ ਪੇਸ਼ ਕੀਤੀ ਹੈ। ਇਕੱਤਰ ਜਾਣਕਾਰੀ ਅਨੁਸਾਰ ਥਾਣਾ ਸਦਰ ਜਲੰਧਰ ਦੀ ਪੁਲਿਸ ਵੱਲੋਂ ਜਮਸ਼ੇਰ ਰੇਲਵੇ ਸਟੇਸ਼ਨ ਤੇ ਗੁਜਰ ਰਹੇ ਦੋ ਮਿੱਟੀ ਦੇ ਭਰੇ ਟਿੱਪਰ ਪੀਬੀ10-ਐਫਵੀ-9587 ਅਤੇ ਪੀਬੀ 08-ਈਪੀ-8475, ਮੁੱਹਲਾ ਵਾਸੀਆਂ ਦੀ ਸ਼ਿਕਾਇਤ 'ਤੇ ਕਾਬੂ ਕੀਤੇ ਅਤੇ ਪਰੰਤੂ ਫਿਰ ਬਿਨ੍ਹਾਂ ਕਿਸੇ ਕਾਰਵਾਈ ਦੇ ਸ਼ਾਮੀਂ ਛੱਡ ਦਿੱਤੇ ਗਏ। ਜਦੋਂ ਥਾਣਾ ਸਦਰ ਮੁਖੀ ਸੰਜੀਵ ਸੂਰੀ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਪੁਲਿਸ ਕਰਮਚਾਰੀਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਸ਼ਿਕਾਇਤ ਸੀ ਕਿ ਇਹ ਟਿੱਪਰ ਉਨ੍ਹਾਂ ਦੀਆਂ ਸੜਕਾਂ ਤੋੜ ਰਹੇ ਹਨ। ਜਦੋਂ ਪੁਲਿਸ ਮੁਲਾਜ਼ਮਾਂ ਨੂੰ ਪੁੱਛਿਆ ਗਿਆ ਕਿ ਇਨ੍ਹਾਂ ਵਾਹਨਾਂ 'ਤੇ ਮਾਈਨਿੰਗ ਦੀ ਜਾਂ ਓਵਰਲੋਡਿੰਗ ਦੀ ਕੋਈ ਕਾਰਵਾਈ ਕੀਤੀ ਗਈ ਹੈ ਤਾਂ ਉਨ੍ਹਾਂ ਨੇ ਕਿਹਾ ਇਸ ਤਰ੍ਹਾਂ ਦੀ ਪੁਲਿਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।